**ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਕੰਪਲੈਕਸ**
**ਪੰਜਾਬ ਸਕੂਲ ਸਿੱਖਿਆ ਬੋਰਡ ਫੇਜ-8 ਐਸ.ਏ.ਐਸ. ਨਗਰ**
**(ਦਫਤਰੀ ਅਮਲਾ-ਸਾਖਾ)**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿੱ),(ਐਸਿੱ),
ਪੰਜਾਬ।

ਮੀਮੋ ਨੰ:3/6-2020ਦਅ(6)/ 2020256642
ਮਿਤੀ: 14-10-2020

ਵਿਸ਼ਾ:- ਦਰਜਾਚਾਰ (ਦਸਵੀਂ ਪਾਸ) ਅਤੇ ਦਰਜਾ ਤਿੰਨ ਕਰਮਚਾਰੀ (ਕਲਰਕ) ਦੀ ਤਨਖਾਹ ਸਕੇਲ ਤੋਂ ਘੱਟ ਸਕੇਲ ਵਿੱਚ) ਐਸ ਐਲ ਏ ਸਕੂਲ ਲਾਇਬ੍ਰੇਰੀਅਨ/ਲਾਇਬ੍ਰੇਰੀ ਰਿਸਟੋਰਰ, ਡਰਾਈਵਰ, ਤੋਂ ਬਤੌਰ ਕਲਰਕ ਦੀ ਪਦਉਨਤੀ ਲਈ ਟਾਈਪ ਟੈਸਟ ਲਈ ਪੋਰਟਲ ਤੇ ਨਾਂ ਦਰਜ਼ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਸਿੱਖਿਆ ਵਿਭਾਗ, ਪੰਜਾਬ ਵਲੋਂ ਖੇਤਰੀ ਦਫਤਰਾਂ/ਸਰਕਾਰੀ ਸਕੂਲਾਂ ਵਿੱਚ ਕਲਰਕਾਂ ਦੀਆ ਪਦਉਨਤੀ ਕੋਟੇ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਦਰਜਾ ਤਿੰਨ (ਕਲਰਕ ਦੀ ਤਨਖਾਹ ਤੋਂ ਘੱਟ ਸਕੇਲ ਵਿੱਚ) ਕਰਮਚਾਰੀਆਂ ਅਤੇ ਦਰਜਾਚਾਰ (ਦਸਵੀਂ ਪਾਸ) ਕਰਮਚਾਰੀਆਂ ਤੋਂ ਬਤੌਰ ਕਲਰਕ ਦੀ ਪਦਉਨਤੀ ਲਈ ਵਿਭਾਗ ਦੇ ਨਿਯਮਾਂ ਅਨੁਸਾਰ ਆਪ ਦੇ ਅਧੀਨ ਕੰਮ ਕਰਦੇ ਦਰਜਾ ਚਾਰ (ਦਸਵੀਂ ਪਾਸ) ਦਰਜਾ ਤਿੰਨ )ਕਲਰਕ ਦੀ ਤਨਖਾਹ ਸਕੇਲ ਤੋਂ ਘੱਟ ਸਕੇਲ ਵਿੱਚ ਐਸ ਐਲ ਏ ਸਕੂਲ ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਡਰਾਈਵਰ ਦਾ "Punjab Education Department Ministerial and Non-teaching staff (Subordinate Offices and Border Area) Group C Service, Rule 2018 ਅਨੁਸਾਰ ਅੰਗਰੇਜ਼ੀ ਅਤੇ ਪੰਜਾਬੀ (ਰਾਵੀ ਫੌਂਟ) ਦੋਵੇਂ ਭਾਸ਼ਾਵਾਂ ਵਿੱਚ ਕੰਪਿਊਟਰ ਤੇ ਟਾਈਪ ਟੈਸਟ 30 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਪਾਸ ਕਰਨਾ ਲਾਜ਼ਮੀ ਹੈ।

1) ਉੱਕਤ ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ / ਸਰਕਾਰੀ ਸਕੂਲਾਂ/ਸੰਸਥਾਵਾਂ ਵਿੱਚ ਕੰਮ ਕਰਦੇ ਦਸਵੀਂ ਪਾਸ ਦਰਜਾਚਾਰ ਅਤੇ ਦਰਜਾ ਤਿੰਨ (ਕਲਰਕ ਦੀ ਤਨਖਾਹ ਤੋਂ ਘੱਟ ਸਕੇਲ ਵਿੱਚ) ਕਰਮਚਾਰੀ ਜੋ ਪੰਜਾਬੀ ਅਤੇ ਅੰਗਰੇਜ਼ੀ ਟਾਈਪ ਟੈਸਟ ਦੇਣਾ ਚਾਹੁੰਦੇ ਹਨ, ਉਹ ਕਰਮਚਾਰੀ ਮਿਤੀ 23.10.2020 ਨੂੰ 11:59 ਵਜੇ ਤੱਕ ਵਿਭਾਗ ਦੀ ਵੈੱਬਸਾਈਟ www.ssapunjab.org ਤੇ ਬਣਾਏ ਗਏ ਪੋਰਟਲ ਤੇ ਆਪਣਾ ਨਾਮ (ਸਮੇਤ ਸੀਨੀਆਰਤਾ ਨੰ:) ਅਤੇ ਹੋਰ ਵੇਰਵੇ ਦਰਜ਼ ਕਰਾਉਣ।

2) ਜਿਨ੍ਹਾਂ ਕਰਮਚਾਰੀਆਂ ਵਲੋਂ ਆਨਲਾਈਨ ਪੋਰਟਲ ਤੇ ਅਪਣਾ ਨਾਂ ਮਿਥੇ ਸਮੇਂ ਦੇ ਅੰਦਰ-ਅੰਦਰ ਦਰਜ਼ ਨਹੀ ਕਰਵਾਇਆ, ਉਨ੍ਹਾਂ ਕਰਮਚਾਰੀਆਂ ਦਾ ਟਾਈਪ ਟੈਸਟ ਨਹੀ ਲਿਆ ਜਾਵੇਗਾ।

3) ਕਰਮਚਾਰੀਆਂ ਦਾ ਟਾਈਪ ਟੈਸਟ ਸਰਕਾਰ ਦੀਆਂ ਨਿਰਧਾਰਤ ਕੀਤੀਆਂ ਗਈਆਂ ਸ਼ਰਤਾਂ ਅਨੁਸਾਰ ਲਿਆ ਜਾਵੇਗਾ। ਇਸ ਤੋਂ ਇਲਾਵਾ ਇਹ ਵੀ ਲਿਖਿਆ ਜਾਂਦਾ ਹੈ ਕਿ ਜੋ ਕਰਮਚਾਰੀ (ਦਰਜਾਚਾਰ) ਕਾਲਜਾਂ ਵਿੱਚ ਕੰਮ ਕਰਦੇ ਹਨ, ਉਹਨਾਂ ਨੂੰ ਟਾਈਪ ਟੈਸਟ ਦੇਣ ਲਈ ਵਿਚਾਰਿਆ ਨਹੀ ਜਾਵੇਗਾ।

4) ਉੱਕਤ ਅਨੁਸਾਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਅਪਣੇ ਅਧੀਨ ਕੰਮ ਕਰਦੇ ਦਰਜਾਚਾਰ (ਦਸਵੀਂ ਪਾਸ) ਅਤੇ ਦਰਜਾ-3 (ਐਸ ਐਲ ਏ ਸਕੂਲ ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਡਰਾਈਵਰ) ਕਰਮਚਾਰੀ ਜੋ ਟਾਈਪ ਟੈਸਟ ਦੇਣ ਦੇ ਚਾਹਵਾਨ ਹਨ, ਉਨ੍ਹਾਂ ਨੂੰ ਵਿਭਾਗ ਦੀ ਵੈੱਬਸਾਈਟ ਤੇ ਨਾਂ ਦਰਜ਼ ਕਰਾਉਣਾ ਯਕੀਨੀ ਬਣਾਇਆ ਜਾਵੇ।

ਸੁਪਰਡੰਟ-ਦਫਤਰੀ ਅਮਲਾ

Scanned with CamScanner